**MODEL TEST PAPER**
**CLASS-X (PB.)**
**PUNJABI**
**PAPER-B**

**ਸਮਾਂ : ਤਿੰਨ ਘੰਟੇ** **ਕੁੱਲ ਅੰਕ : 65**

1. ਵਸਤੂਨਿਸ਼ਠ ਪ੍ਰਸ਼ਨ :
   (ੳ) ਪੰਜਾਬੀ ਬੋਲੀ ਦੀ ਟਕਸਾਲੀ ਬੋਲੀ ਕਿਹੜੀ ਹੈ?
   (ਅ) ਪੰਜਾਬੀ ਭਾਸ਼ਾ ਦੀ ਕਿਸੇ ਇੱਕ ਉਪਬੋਲੀ ਦਾ ਨਾਂ ਲਿਖੋ।
   (ੲ) ਮਾਲਵੇ ਵਿੱਚ ਕਿਹੜੀ ਉਪਬੋਲੀ ਬੋਲੀ ਜਾਂਦੀ ਹੈ?
   (ਸ) ਪੁਰਾਤਨ ਵਰਨਮਾਲਾ ਦੇ ਕਿੰਨੇ ਅੱਖਰ ਹਨ?
   (ਹ) 'ਦੁੱਖ' ਤੇ 'ਮਿਠਾਸ' ਕਿਸ ਕਿਸਮ ਦੇ ਨਾਂਵ ਹਨ?
   (ਕ) ਧੁੰਨੀ ਤੋਂ ਕੀ ਭਾਵ ਹੈ?
   (ਖ) 'ਵਾਹ ਭਈ ਵਾਹ!' ਵਾਕ ਵਿੱਚ ਕਿਸ ਪ੍ਰਕਾਰ ਦਾ ਵਿਸਮਕ ਹੈ?
   (ਗ) 'ਬੱਚੇ ਖੇਡ ਰਹੇ ਸਨ।' ਇਸ ਵਾਕ ਦਾ ਕਾਲ ਕਿਹੜਾ ਹੈ?
   (ਘ) ਸੰਬੰਧਕ ਸ਼ਬਦ ਆਮ ਕਰਕੇ ਨਾਂਵਾਂ ਜਾਂ ਪੜਨਾਵਾਂ ਦੇ ਪਿੱਛੋਂ ਆਉਂਦੇ ਹਨ ਜਾਂ ਅੱਗੇ?
   (ਙ) 'ਸ਼ਰਮਿਲਾ' ਸ਼ਬਦ ਦਾ ਵਿਰੋਧੀ ਸ਼ਬਦ ਲਿਖੋ। 10 x 1 =10
2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗ-ਪਗ 400 ਸ਼ਬਦਾਂ ਦਾ ਲੇਖ ਲਿਖੋ:
   (ੳ) ਦਿਵਾਲ਼ੀ
   (ਅ) ਵਿਦਿਆਰਥੀ ਅਤੇ ਅਨੁਸ਼ਾਸਨ
   (ੲ) ਡਾ. ਭੀਮ ਰਾਓ ਅੰਬੇਡਕਰ
   (ਸ) ਅੱਖੀਂ ਡਿੱਠਾ ਮੇਲਾ
   (ਹ) ਬੇਰੁਜ਼ਗਾਰੀ ਦੀ ਸਮੱਸਿਆ। 10
3. ਤੁਸੀਂ ਦਸਵੀਂ ਦੀ ਪਰੀਖਿਆ ਪਾਸ ਕੀਤੀ ਹੈ ਅਤੇ ਅੱਗੋਂ ਕਿਸੇ ਸੰਸਥਾ ਵਿੱਚ ਦਾਖ਼ਲਾ ਲੈਣਾ ਚਾਹੁੰਦੇ ਹੋ। ਸਕੂਲ ਦੇ ਪ੍ਰਿੰਸੀਪਲ / ਮੁੱਖ ਅਧਿਆਪਕ ਜੀ ਨੂੰ ਚਰਿੱਤਰ (ਆਚਰਨ) ਸਰਟੀਫ਼ਿਕੇਟ ਲੈਣ ਲਈ ਪੱਤਰ ਲਿਖੋ।

   ਜਾਂ

   ਆਪਣੇ ਮਿੱਤਰ ਨੂੰ ਉੱਚ ਮੈਰਿਟ ਵਿੱਚ ਪਾਸ ਹੋਣ 'ਤੇ ਵਧਾਈ-ਪੱਤਰ ਲਿਖੋ । 2+4+1=7
4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਲਗਪਗ ਇੱਕ–ਤਿਹਾਈ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਓ:

   ਕਵੀ ਸ਼ਾਹ ਮੁਹੰਮਦ ਇਕ ਦੇਸ਼-ਭਗਤ ਸੀ। ਪੰਜਾਬ ਦੇ ਕਿਣਕੇ-ਕਿਣਕੇ ਨਾਲ਼ ਉਸ ਦਾ ਮੋਹ ਸੀ, ਉਹ ਪੰਜਾਬ ਜਿਹੜਾ ਹਿੰਦੂਆਂ ਤੇ ਮੁਸਲਮਾਨਾਂ ਦਾ ਸਾਂਝਾ ਪੰਜਾਬ ਸੀ। ਇਹੋ-ਜਿਹੇ ਅਜ਼ਾਦੀ ਦੇ ਆਸ਼ਕ ਦੇ ਮਨੁੱਖਤਾ ਦੇ ਪੁਜਾਰੀ ਕਵੀ ਨੇ ਜਦੋਂ ਆਪਣੀ ਮਾਤ-ਭੂਮੀ ਉੱਤੇ ਫ਼ਰੰਗੀਆਂ ਦੀ ਨਾਪਾਕ ਨਜ਼ਰ ਪੈਂਦੀ ਦੇਖੀ ਤੇ ਫਿਰ ਦੇਸ ਦੀ ਸੁਤੰਤਰਤਾ ਨੂੰ ਗੋਰਿਆਂ ਦੇ ਪੈਰਾਂ ਹੇਠ ਮਿੱਧੇ ਜਾਂਦਿਆਂ ਦੇਖਿਆ ਤਾਂ ਉਸ ਦਾ ਕੋਮਲ ਤੇ ਦੇਸ-ਭਗਤ ਹਿਰਦਾ ਕੁਰਲਾ ਉੱਠਿਆ। ਉਸ ਨੇ ਆਪਣੀ ਕਲਮ ਦਾ ਮੂੰਹ ਮੋੜਿਆ ਤੇ ਦਿਲ ਦੇ ਖ਼ੂਨ ਨਾਲ਼ ਉਸ ਨੇ ਅੰਗਰੇਜ਼ਾਂ ਤੇ ਸਿੱਖਾਂ ਦੀ ਉਸ ਜੰਗ ਦਾ ਹਾਲ ਲਿਖਿਆ ਜਿਸ ਵਿਚ ਵੀਰ ਪੰਜਾਬੀਆਂ ਨੂੰ ਫੁੱਟ ਦਾ ਸ਼ਿਕਾਰ ਹੋ ਆਪਣੀਆਂ ਕਿਸੇ ਅੱਗੇ ਨਾ ਝੁਕਣ ਵਾਲੀਆਂ ਧੌਣਾਂ ਅੰਗਰੇਜ਼ਾਂ ਸਾਮ੍ਹਣੇ ਝੁਕਾਉਣੀਆਂ ਪਈਆਂ। ਸ਼ਾਹ ਮੁਹੰਮਦ ਆਪਣੀਆਂ ਅੱਖਾਂ ਦੇ ਨਾਲ਼ ਆਪਣੇ ਪਿਆਰੇ ਪੰਜਾਬ ਦੇ ਜਵਾਨਾਂ ਨੂੰ ਸ਼ਤਰੂ ਦੇ ਹੱਥੋਂ ਮਾਰ ਖਾਂਦਾ ਤੱਕਦਾ ਹੈ ਤਾਂ ਲਹੂ ਦੇ ਘੁੱਟ ਪੀ ਕੇ ਅੱਥਰੂਆਂ ਭਿੱਜੀ ਕਵਿਤਾ ਕਹਿ ਕੇ ਚੁੱਪ ਹੋ ਰਹਿੰਦਾ ਹੈ-ਉਹ ਕਵਿਤਾ ਜੋ ਕਦੇ ਮਰ ਨਹੀਂ ਸਕਦੀ ਜਿਸ ਵਿਚ ਪੰਜਾਬ ਦਾ ਦੁਖਦਾਈ ਇਤਿਹਾਸ ਅੰਕਿਤ ਹੈ।
   5+1 =6
5. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ:

   ਅੱਜ–ਕਲ੍ਹ ਦੀ ਜ਼ਿੰਦਗੀ ਇਕ ਹੁੱਲੜ ਹੈ। ਇਸ ਵਿੱਚ ਵਿਹਲ ਕਿੱਥੇ ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿੱਥੇ? ਫਿਰ ਸਾਰੇ ਸਿਆਣੇ, ਧਾਰਮਿਕ ਲਿਖਾਰੀ, ਸਮਾਜਿਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ

ਬਿਤਾਇਆ ਜਾਏ। ਕਹਿੰਦੇ ਨੇ ਜਿੱਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉੱਥੇ ਕਥਨ ਦਾ ਵੀ ਗਿਣ–ਗਿਣ ਕੇ ਲੇਖਾ ਦੇਣਾ ਪਵੇਗਾ। ਇਸ ਲਈ ਹਰ ਇੱਕ ਆਦਮੀ ਨੂੰ ਜੀਭ ਨੂੰ ਲਗਾਮ ਪਾ ਕੇ ਰੱਖਣੀ ਚਾਹੀਦੀ ਹੈ। ਸਿਰਫ਼ ਲੋੜ ਪਏ 'ਤੇ ਮੂੰਹ ਖੋਲ੍ਹਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਜਾਏ ਤਾਂ ਝੱਟ ਜਿੰਦਰਾ ਲਾ ਕੇ ਚੁੱਪ ਵੱਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀ ਹੈ। ਚੁੱਪ ਸੁਨਹਿਰੀ ਹੈ ਤੇ ਬੋਲ ਰੁਪਹਿਰੀ। ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਉੱਤੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉ ਹੋਇਆ, ਜਿਵੇਂ ਕੋਈ ਆਰਾਮ ਢੂੰਡਣ ਲਈ ਸੌ ਕੋਹ ਪੈਂਡਾ ਮਾਰੇ ਜਾਂ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ। ਚੁੱਪ ਦੇ ਇੰਨੇ ਗੁਣ ਗਾਏ ਹਨ ਕਿ ਹੁਣ ਹਰ ਇੱਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ। ਹਫ਼ਤੇ ਭਰ ਦੇ ਲੈਕਚਰਾਂ ਤੇ ਇੰਟਰਵਿਊਆਂ ਮਗਰੋਂ ਮਹਾਤਮਾ ਗਾਂਧੀ ਜੀ ਨੂੰ ਪ੍ਰਾਸ਼ਚਿਤ ਵਜੋਂ ਇੱਕ ਦਿਨ ਮੌਨ ਵਰਤ ਰੱਖਣਾ ਪੈਂਦਾ ਸੀ। ਜਿੰਨਾ ਆਦਮੀ ਧਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਹੁੰਦਾ ਹੈ, ਓਨਾ ਹੀ ਚੁੱਪ ਤੇ ਖੁੱਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ। ਉਸ ਨੂੰ ਹਰ ਵਕਤ ਖ਼ਤਰਾ ਰਹਿੰਦਾ ਹੈ ਕਿ ਮੇਰੀ ਕਿਸੇ ਗੱਲ ਤੋਂ ਕੋਈ ਗ਼ਲਤ ਫ਼ਾਇਦਾ ਨਾ ਉਠਾ ਲਵੇ।

ਪ੍ਰਸ਼ਨ :

ੳ) ਅੱਜ ਦੇ ਸਮੇਂ ਵਿਹਲੀਆਂ ਗੱਲਾਂ ਦਾ ਸਮਾਂ ਕਿਉਂ ਨਹੀਂ?

ਅ) 'ਚੁੱਪ ਸੁਨਹਿਰੀ ਤੇ ਬੋਲ ਰੁਪਹਿਰੀ' ਕਿਵੇਂ ਹੈ?

ੲ) ਵੱਡੇ ਆਦਮੀ ਚੁੱਪ ਕਿਉਂ ਹੁੰਦੇ ਹਨ?

ਸ) ਮੋਟੇ ਸ਼ਬਦਾਂ ਦੇ ਅਰਥ ਲਿਖੋ। 1+1+1+1 = 4

6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਪੰਜ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ:
ਉੱਨੀ ਇੱਕੀ ਦਾ ਫਰਕ ਹੋਣਾ, ਅੱਖਾਂ ਫੇਰ ਲੈਣਾ, ਆਵਾ ਊਤ ਜਾਣਾ, ਈਦ ਦਾ ਚੰਦ ਹੋਣਾ, ਸੱਜੀ ਬਾਂਹ ਹੋਣਾ, ਹੱਥ ਤੰਗ ਹੋਣਾ, ਕੱਖ ਨਾ ਰਹਿਣਾ, ਕੰਡੇ ਬੀਜਣੇ, ਵਾਸਤੇ ਪਾਉਣਾ, ਪਾਣੀ ਵਾਰ ਕੇ ਪੀਣਾ। 2x5=10

7. ਵਿਸਰਾਮ-ਚਿੰਨ੍ਹ ਲਾ ਕੇ ਦੁਬਾਰਾ ਲਿਖੋ :
ਬਹੁਤ ਅੱਛੇ ਬੇਟਾ ਸਾਰਾ ਸਕੂਲ ਸ਼ੀਸ਼ੇ ਵਾਂਗ ਲਿਸ਼ਕਾ ਦਿਓ 2

8. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਉ :

ੳ) ਵਿਆਕਰਨ ਦਾ ਕੀ ਮੰਤਵ ਹੈ?

ਅ) ਸਾਡੇ ਸੰਵਿਧਾਨ ਵਿੱਚ ਪ੍ਰਵਾਨਿਤ ਕੋਈ ਦੋ ਭਾਸ਼ਾਵਾਂ ਦੇ ਨਾਮ ਲਿਖੋ।

ੲ) ਧੁਨੀ ਕਿਸ ਨੂੰ ਆਖਦੇ ਹਨ? 1+1+1 = 3

9. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

ੳ) 'ੳ ਤੋਂ ੜ' ਤੱਕ ਗੁਰਮੁਖੀ ਲਿਪੀ ਦੇ ਕਿੰਨੇ ਅੱਖ਼ਰ ਹਨ?

ਅ) ਲਿਪੀ ਕਿਸ ਨੂੰ ਆਖਦੇ ਹਨ? 2

10. ੳ) ਪੜਨਾਂਵ ਜਾਂ ਯੋਜਕ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਲਿਖੋ।

ਅ) ਵਿਸ਼ੇਸ਼ਣ ਦੀਆਂ ਕੋਈ ਦੋ ਕਿਸਮਾਂ ਉਦਾਹਰਨਾਂ ਸਹਿਤ ਲਿਖੋ। 2+2=4

11. ਹੇਠ ਲਿਖੇ ਵਾਕ ਨੂੰ ਵਚਨ ਤੇ ਲਿੰਗ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ:
ਪਤਲੇ ਸਰੀਰ ਵਾਲਾ ਆਦਮੀ ਲੰਮੇਰੀ ਉਮਰ ਭੋਗਦਾ ਹੈ। 2

12. ਹੇਠ ਲਿਖੇ ਵਾਕ ਨੂੰ ਭੂਤ-ਕਾਲ ਅਤੇ ਵਰਤਮਾਨ-ਕਾਲ ਵਿੱਚ ਬਦਲਣ ਉਪਰੰਤ ਦੋ ਵੱਖੋ-ਵੱਖਰੇ ਵਾਕਾਂ ਵਿੱਚ ਲਿਖੋ :
ਪ੍ਰਿੰਸੀਪਲ ਸਾਹਿਬ ਭਾਸ਼ਣ ਦੇ ਰਹੇ ਹੋਣਗੇ। 2

13. ੳ) 'ਸੰਗ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।

ਅ) 'ਇਸਤਰੀ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।

ੲ) ਬਹੁਤੇ ਸ਼ਬਦਾਂ ਲਈ ਇੱਕ ਢੁਕਵਾਂ ਸ਼ਬਦ ਲਿਖੋ:
ਕਿਸੇ ਉੱਚੇ ਆਦਰਸ਼ ਲਈ ਆਪਣੀ ਜਾਨ ਦੀ ਕੁਰਬਾਨੀ ਦੇਣ ਵਾਲਾ। 1+1+1=3